# ਉਦੇਸ਼ ਅਤੇ ਅਹਿਮ ਹਦਾਇਤਾਂ

ਪੀਲ ਰੀਜਨ ਵਿੱਚ ਯੂਨਾਈਟਿਡ ਵੇ ਦਾ ਲੰਮਾਂ ਅਤੇ ਅਮੀਰ ਇਤਿਹਾਸ ਹੈ। ਅਸੀਂ ਬਰੈਂਪਟਨ, ਕੈਲੇਡੋਨ ਅਤੇ ਮਿਸੀਸਾਗਾ ਵਿੱਚ1957 ਤੋਂ ਲੋਕਾਂ ਦੇ ਜੀਵਨ ਵਿੱਚ ਤਬਦੀਲੀ ਲਿਆ ਰਹੇ ਹਾਂ।

## ਸਾਡਾ ਉਦੇਸ਼

ਆਪਣੇ ਭਾਈਚਾਰੇ ਨਾਲ ਭਾਈਵਾਲੀ ਦੁਆਰਾ ਇਹ ਯਕੀਨੀ ਬਣਾਉਣਾ ਕਿ ਲੋਕਾਂ ਦਾ ਧਿਆਨ ਰੱਖਿਆ ਜਾਵੇ, ਮੇਲਜੋਲ ਰੱਖਿਆ ਜਾਵੇ ਅਤੇ ਸਾਰਿਆਂ ਨੂੰ ਇਸ ਵਿੱਚ ਸ਼ਾਮਲ ਕੀਤਾ ਜਾਵੇ।

## ਸਾਡੀ ਦਰਿਸ਼ਟੀ

ਜਾਰੀ ਰਹਿਣ ਯੋਗ ਤਬਦੀਲੀਆਂ ਜੋ ਭਾਈਚਾਰੇ ਨੂੰ ਮਜ਼ਬੂਤ ਬਣਾਉਣ ਅਤੇ ਜੀਵਨ ਨੂੰ ਬੇਹਤਰ ਬਣਾਉਣ ਦੀ ਪ੍ਰੇਰਣਾ ਦੇਣ ਇਸ ਵਿੱਚ ਯੂਨਾਈਟਿਡ ਵੇ ਮੋਹਰੀ ਬਣੇਗਾ।

## ਸਾਡੀਆਂ ਅਹਿਮ ਹਦਾਇਤਾਂ (2007–2011)

1. ਜਾਰੀ ਰਹਿਣ ਯੋਗ ਵਿੱਤੀ ਸਾਧਨਾਂ ਨੂੰ ਵਭਿੰਨ ਬਣਾਉਣਾ ਅਤੇ ਵਧਾਉਣਾ।
2. ਮਨੁੱਖੀ ਸੇਵਾਵਾਂ ਦੀ ਪ੍ਰਾਥਮਿਕਤਾ ਨਾਲ ਸਿੱਝਣ ਦੀ ਨੀਤੀ ਨਾਲ ਯੂਨਾਈਟਿਡ ਵੇ ਦੇ ਸਾਧਨਾਂ ਦੀ ਵਰਤੋਂ ਕਰਨੀ।
3. ਮਨੁੱਖੀ ਸੇਵਾ ਦੇ ਖੇਤਰ ਦੀ ਸਮਰੱਥਾ ਨੂੰ ਮਜ਼ਬੂਤ ਕਰਨਾ।

ਪੀਲ ਰੀਜਨ ਦੀ ਯੂਨਾਈਟਿਡ ਵੇ ਦੀ ਨੀਤੀ ਯੋਜਨਾ ਦਾ ਕਾਰਜਕਾਰੀ ਸਾਰਾਂਸ਼ ਡਾਊਨਲੋਡ ਕਰੋ।

## ਵਿਭਿੰਨਤਾ ਬਾਰੇ ਸਾਡੀ ਵਚਨਬੱਧਤਾ

ਪੀਲ ਰੀਜਨ ਦੀ ਯੂਨਾਈਟਿਡ ਵੇ ਆਪਣੇ ਭਾਈਚਾਰੇ ਵਿੱਚ ਸ਼ਾਮਲ ਲੋਕਾਂ ਦੀ ਵਿਭਿੰਨਤਾ ਦੀ ਇੱਜ਼ਤ ਤੇ ਕਦਰ ਕਰਦੀ ਹੈ ਅਤੇ ਇਸ ਦਾ ਜਸ਼ਨ ਮਨਾਉਂਦੀ ਹੈ। ਆਪਣੀ ਵਚਨਬੱਧਤਾ ਦੀ ਸ੍ਰੇਸ਼ਟਤਾ ਅਤੇ ਨਿਆਂਪੂਰਨਤਾ ਵਿੱਚ ਯੂਨਾਈਟਿਡ ਵੇ ਵਿਅਕਤੀਆਂ ਅਤੇ ਸੰਸਥਾਵਾਂ ਵੱਲੋਂ ਯੂਨਾਈਟਿਡ ਵੇ ਦੀਆਂ ਸਾਰੀਆਂ ਸਰਗਰਮੀਆਂ ਵਿੱਚ ਪੂਰੇ ਤੌਰ ਤੇ ਹਿੱਸਾ ਲੈਣ ਲਈ ਆਉਂਦੀਆਂ ਰੁਕਾਵਟਾਂ ਦੀ ਸ਼ਨਾਖ਼ਤ ਕਰਨੀ ਅਤੇ ਉਨ੍ਹਾਂ ਨੂੰ ਦੂਰ ਕਰਨਾ ਚਾਹੁੰਦੀ ਹੈ।

ਬੁਨਿਆਦੀ ਸਿਧਾਂਤ ਵਜੋਂ, ਯੂਨਾਈਟਿਡ ਵੇ ਆਂਟੇਰੀਓ ਦੇ ਮਨੁੱਖੀ ਹੱਕਾਂ ਬਾਰੇ ਕੋਡ ਦੀ ਹਰ ਪੱਖੋਂ ਅਮਲੀ ਰੂਪ ਵਿੱਚ ਪਾਲਣਾ ਕਰਦੀ ਹੋਈ ਆਪਣੇ ਵਿਹਾਰ ਵਿੱਚ ਨਿਰਪੱਖਤਾ ਅਤੇ ਬਰਾਬਰਤਾ ਵਰਤੇਗੀ। ਇਹ ਪੀਲ ਦੀ ਵਸੋਂ ਦੀ ਵਿਭਿੰਨਤਾ ਨੂੰ ਪਛਾਣਦੇ ਹੋਏ, ਸਵੀਕਾਰ ਕਰਦੇ ਹੋਏ ਅਤੇ ਇਸ ਦੀ ਕਦਰ ਕਰਦੇ ਹੋਏ ਕੀਤਾ ਜਾਵੇਗਾ।